# ਵਿਦਿਆਰਥੀ ਦੀ ਸਥਾਪਨਾ ਦੀ ਮਾਪੇ ਨੂੰ ਅਧਿਸੂਚਨਾ
## ਅੰਗਰੇਜ਼ੀ ਭਾਸ਼ਾ ਵਿਕਾਸ ਪ੍ਰੋਗਰਾਮ

**ਬੱਚੇ ਦਾ ਨਾਮ:** ______________________________________ **ਮਿਤੀ:**_________________________

**ਸਕੂਲ:** _____________________________ **ਸਕੂਲ ਡਿਸਟ੍ਰਿਕਟ:** ______________________________

**ਦਾਖਲੇ ਦਾ ਦਰਜਾ:** ____ **ਪ੍ਰੋਗਰਾਮ ਲਈ ਨਵਾਂ** ____ **ਪ੍ਰੋਗਰਾਮ ਵਿੱਚ ਜਾਰੀ ਰੱਖ ਰਿਹਾ**

---

ਪਿਆਰੇ ਮਾਤਾ/ਪਿਤਾ ਜਾਂ ਸਰਪ੍ਰਸਤ,

ਤੁਹਾਨੂੰ ਇਹ ਦੱਸਦੇ ਹੋਏ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਤੁਹਾਡੇ ਬੱਚੇ ਨੂੰ *INSERT YEAR* ਸਕੂਲੀ ਵਰ੍ਹੇ ਵਾਸਤੇ ਇੰਗਲਿਸ਼ ਲੈਂਗਵੇਜ਼ ਡੈਵਲਪਮੈਂਟ ਪ੍ਰੋਗਰਾਮ ਦੇ ਰਾਹੀਂ ਵਾਧੂ ਸਹਾਇਤਾ ਪ੍ਰਾਪਤ ਹੋਵੇਗੀ।

ਟੈਸਟ ਦੇ ਨਤੀਜਿਆਂ ਰਾਹੀਂ ਜ਼ਿਲ੍ਹੇ ਨੇ ਤੁਹਾਡੇ ਬੱਚੇ ਦੀ ਅੰਗਰੇਜ਼ੀ ਵਿੱਚ ਸੀਮਤ ਪ੍ਰਵੀਨ ਵਜੋਂ ਪਛਾਣ ਕੀਤੀ ਹੈ। ਵਾਸ਼ਿੰਗਟਨ ਅੰਗਰੇਜ਼ੀ ਭਾਸ਼ਾ ਪ੍ਰਵੀਨਤਾ ਮੁਲਾਂਕਣ (WELPA) ’ਤੇ ਤੁਹਾਡੇ ਬੱਚੇ ਦੀ ਅੰਗਰੇਜ਼ੀ ਵਿੱਚ ਪ੍ਰਵੀਨਤਾ ਲੈਵਲ 1: ___, ਲੈਵਲ 2: ___, ਲੈਵਲ 3: ___ ਮਾਪੀ ਗਈ ਹੈ।

ਇਸ ਪ੍ਰੋਗਰਾਮ ਦਾ ਟੀਚਾ ਉਹਨਾਂ ਵਿਦਿਆਰਥੀਆਂ ਨੂੰ ਵਾਧੂ ਸਹਾਇਤਾ ਮੁਹੱਈਆ ਕਰਨਾ ਹੈ ਜੋ ਅਜੇ ਇੰਗਲਿਸ਼ ਬੋਲਣ, ਸੁਣਨ, ਪੜ੍ਹਨ ਅਤੇ ਲਿਖਣ ਵਿੱਚ ਨਿਪੁੰਨ ਨਹੀਂ ਹਨ। ਇਹ ਪ੍ਰੋਗਰਾਮ ਗ੍ਰੇਡ ਵਿੱਚ ਅੱਗੇ ਵਧਣ ਅਤੇ ਪਾਸ ਹੋਣ ਲਈ ਉਮਰ ਦੇ ਅਨੁਸਾਰ ਅਕਾਦਮਿਕ ਪ੍ਰਾਪਤੀਆਂ ਦੇ ਮਿਆਰ ਹਾਸਲ ਕਰਨ ਵਿੱਚ ਤੁਹਾਡੇ ਬੱਚੇ ਦੀ ਮਦਦ ਕਰੇਗਾ।

ਵਿਦਿਆਰਥੀ ਅੰਗਰੇਜ਼ੀ ਭਾਸ਼ਾ ਵਿਕਾਸ ਪ੍ਰੋਗਰਾਮ ਵਾਸਤੇ ਤਦ ਤੱਕ ਯੋਗ ਰਹਿੰਦੇ ਹਨ ਜਦ ਤੱਕ ਉਹ ਵਾਸ਼ਿੰਗਟਨ ਅੰਗਰੇਜ਼ੀ ਭਾਸ਼ਾ ਪ੍ਰਵੀਨਤਾ ਮੁਲਾਂਕਣ (WELPA) ’ਤੇ ਲੈਵਲ 4 ਸਕੋਰ ਨਹੀਂ ਕਰ ਲੈਂਦੇ। ਜ਼ਿਆਦਾਤਰ ਵਿਦਿਆਰਥੀ ਸਫਲਤਾਪੂਰਵਕ *INSERT NUMBER* ਸਾਲਾਂ ਬਾਅਦ ਪ੍ਰੋਗਰਾਮ ਤੋਂ ਬਾਹਰ ਹੋ ਜਾਂਦੇ ਹਨ। ਪ੍ਰੋਗਰਾਮ ਵਿੱਚੋਂ ਬਾਹਰ ਕੱਢੇ ਜਾਣ ’ਤੇ, ਤੁਹਾਡੇ ਬੱਚੇ ਦੇ ਪ੍ਰਦਰਸ਼ਨ ਦੀ ਨਿਗਰਾਨੀ ਜਾਰੀ ਰਹੇਗੀ ਤਾਂ ਜੋ ਇਹ ਨਿਰਣਾ ਕੀਤਾ ਜਾ ਸਕੇ ਕਿ ਕੀ ਵਧੀਕ ਅਕਾਦਮਿਕ ਸਹਾਇਤਾ ਦੀ ਲੋੜ ਹੈ। *INSERT SCHOOL YEAR* ਵਿੱਚ, ਬਾਰ੍ਹਵੇਂ-ਗਰੇਡ ਦੇ *INSERT ADJUSTED 5-YEAR GRADUATION RATE*% ਵਿਦਿਆਰਥੀ ਜੋ ਅਜੇ ਵੀ ਅੰਗਰੇਜ਼ੀ ਭਾਸ਼ਾ ਵਿਕਾਸ ਪ੍ਰੋਗਰਾਮ ਵਾਸਤੇ ਯੋਗ ਸਨ, ਜਾਂ ਤਾਂ ਸਮੇਂ ਸਿਰ ਜਾਂ ਫਿਰ ਇੱਕ ਵਧੀਕ ਸਾਲ ਵਿੱਚ ਗਰੈਜੂਏਸ਼ਨ ਕਰ ਗਏ।

ਜੇ ਤੁਹਾਡੇ ਬੱਚੇ ਨੂੰ ਕੋਈ ਅਸਮਰथਤਾ ਹੈ, ਤਾਂ ਇੰਗਲਿਸ਼ ਲੈਂਗਵੇਜ਼ ਡੈਵਲਪਮੈਂਟ ਪ੍ਰੋਗਰਾਮ ਤੁਹਾਡੇ ਬੱਚੇ ਦੀ ਵਿਅਕਤੀਗਤ ਬਣਾਈ ਗਈ ਸਿੱਖਿਆ ਜਾਂ 504 ਯੋਜਨਾ ਦੇ ਉਦੇਸ਼ਾਂ ਨੂੰ ਪੂਰਾ ਕਰਨ ਵਾਸਤੇ ਢੁਕਵੇਂ ਸਟਾਫ਼ ਦੇ ਨਾਲ ਤਾਲਮੇਲ ਬਣਾਏਗਾ।

ਮੈਂ ਜ਼ੋਰ ਦੇ ਕੇ ਇੰਗਲਿਸ਼ ਲੈਂਗਵੇਜ਼ ਡੈਵਲਪਮੈਂਟ ਪ੍ਰੋਗਰਾਮ ਵਿੱਚ ਤੁਹਾਡੇ ਬੱਚੇ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਦਾ ਹਾਂ ਅਤੇ ਤੁਹਾਨੂੰ ਇਸ ਪ੍ਰੋਗਰਾਮ ਦੇ ਹੋਰ ਫ਼ਾਇਦਿਆਂ ਬਾਰੇ ਜਾਣਕਾਰੀ ਲੈਣ ਦਾ ਸੱਦਾ ਦਿੰਦਾ ਹਾਂ। ਪਰ, ਤੁਹਾਨੂੰ ਕਿਸੇ ਵੀ ਸਮੇਂ ਆਪਣੇ ਬੱਚੇ ਨੂੰ ਭਾਸ਼ਾ ਦੀ ਪੜ੍ਹਾਈ ਦੇ ਪ੍ਰੋਗਰਾਮ ਤੋਂ ਹਟਾਉਣ ਦਾ ਹੱਕ ਹੈ।

ਕਿਰਪਾ ਕਰਕੇ ਇੰਗਲਿਸ਼ ਭਾਸ਼ਾ ਵਿੱਚ ਵਿਕਾਸ ਅਤੇ ਅਕਾਦਮਿਕ ਪ੍ਰਾਪਤੀਆਂ ਵਿੱਚ ਆਪਣੇ ਬੱਚੇ ਦੀ ਤਰੱਕੀ ਬਾਰੇ ਗੱਲਬਾਤ ਕਰਨ ਵਾਸਤੇ ਸਾਡੇ ਸਕੂਲ ਵਿੱਚ ਆਓ। ਜੇ ਤੁਸੀਂ ਅਪਵਾਇੰਟਮੈਂਟ ਲੈਣੀ ਚਾਹੁੰਦੇ ਹੋ ਤਾਂ *INSERT NAME* ਨਾਲ *INSERT PHONE NUMBER* 'ਤੇ ਸੰਪਰਕ ਕਰੋ।

**ਤੁਹਾਡ ਬੱਚਾ ਹੇਠਾਂ ਦਿੱਤੇ ਇੰਗਲਿਸ਼ ਲੈਂਗਵੇਜ਼ ਡੈਵਲਪਮੈਂਟ ਪ੍ਰੋਗਰਾਮ (ਪ੍ਰੋਗਰਾਮਾਂ) ਵਿੱਚ ਦਾਖਲ ਹੈ:**

____ ਦੂਹਰੀ ਭਾਸ਼ਾ ਦਾ ਪ੍ਰੋਗਰਾਮ
____ ਡੈਵਲਪਮੈਂਟਲ ਬਾਇਲਿੰਗੁਅਲ ਐਜੂਕੇਸ਼ਨ (ਦੇਰੀ ਨਾਲ ਬਾਹਰ)
____ ਟ੍ਰਾਂਜਿਸ਼ਨਲ ਬਾਇਲਿੰਗੁਅਲ ਐਜੂਕੇਸ਼ਨ (ਜਲਦੀ ਬਾਹਰ)
____ ਸ਼ੈਲਟਰਡ ਪੜ੍ਹਾਈ
____ ਨਵੇਂ ਆਇਆਂ ਲਈ ਪ੍ਰੋਗਰਾਮ

**ਸਕੂਲ ਡਿਸਟ੍ਰਿਕਟ ਕੋਲ ਹੇਠਾਂ ਦਿੱਤੇ ਇੰਗਲਿਸ਼ ਲੈਂਗਵੇਜ਼ ਡੈਵਲਪਮੈਂਟ ਪ੍ਰੋਗਰਾਮ ਹਨ:**

____ **ਦੂਹਰੀ ਭਾਸ਼ਾ ਦਾ ਪ੍ਰੋਗਰਾਮ:** ਦੂਹਰੀ ਭਾਸ਼ਾ ਵਾਲੇ ਪ੍ਰੋਗਰਾਮ ਜੱਦੀ ਅੰਗਰੇਜ਼ੀ ਬੋਲਣ ਵਾਲਿਆਂ ਅਤੇ ਕਿਸੇ ਹੋਰ ਭਾਸ਼ਾ ਦੇ ਜੱਦੀ ਬੁਲਾਰਿਆਂ, ਦੋਨਾਂ ਵਾਸਤੇ ਏਕੀਕਿਰਤ ਭਾਸ਼ਾ ਅਤੇ ਅਕਾਦਮਿਕ ਪੜ੍ਹਾਈ ਪ੍ਰਦਾਨ ਕਰਾਉਂਦੇ ਹਨ, ਜਿਸਦੇ ਟੀਚੇ ਉੱਚ ਅਕਾਦਮਿਕ ਪ੍ਰਾਪਤੀ, ਪਹਿਲੀ ਅਤੇ ਦੂਜੀ ਭਾਸ਼ਾ ਵਿੱਚ ਪ੍ਰਵੀਨਤਾ, ਅਤੇ ਅੰਤਰ-ਸੱਭਿਆਚਾਰਕ ਸਮਝ (ਕ੍ਰਿਸਚੀਅਨ, 1994) ਹੁੰਦੇ ਹਨ।

____ **ਡੈਵਲਪਮੈਂਟਲ ਬਾਇਲਿੰਗੁਅਲ ਐਜੂਕੇਸ਼ਨ (ਦੇਰੀ ਨਾਲ ਬਾਹਰ):** ਡਿਵੈਲਪਮੈਂਟਲ ਬਾਈਲਿੰਗੁਅਲ ਐਜੂਕੇਸ਼ਨ (DBE), ਜਿਸਨੂੰ ਲੇਟ-ਐਗਜ਼ਿਟ ਬਾਈਲਿੰਗੁਅਲ ਐਜੂਕੇਸ਼ਨ (ਰੇਮੀਰੇਜ਼, 1992) ਵਜੋਂ ਵੀ ਜਾਣਿਆ ਜਾਂਦਾ ਹੈ, ਅੰਗਰੇਜ਼ੀ ਭਾਸ਼ਾ ਦੇ ਸਿੱਖਿਆਰਥੀਆਂ ਨੂੰ ਅੰਗਰੇਜ਼ੀ ਅਤੇ ਉਹਨਾਂ ਦੀ ਪਹਿਲਾ ਭਾਸ਼ਾ ਦੀ ਵਰਤੋਂ ਕਰਕੇ ਸਿੱਖਿਅਤ ਕਰਦੀ ਹੈ। DBE ਪ੍ਰੋਗਰਾਮ ਸਾਰੇ ਪਾਠਕ੍ਰਮ ਖੇਤਰਾਂ ਵਿੱਚ ਅਕਾਦਮਿਕ ਪ੍ਰਾਪਤੀ ਦੇ ਉੱਚ ਪੱਧਰਾਂ ਨੂੰ ਉਤਸ਼ਾਹਤ ਕਰਨ ਅਤੇ ਵਿਦਿਆਰਥੀਆਂ ਦੀਆਂ ਪਹਿਲੀਆਂ ਅਤੇ ਦੂਜੀਆਂ ਭਾਸ਼ਾਵਾਂ ਵਿੱਚ ਸੰਪੂਰਨ ਅਕਾਦਮਿਕ ਭਾਸ਼ਾ ਪ੍ਰਵੀਨਤਾ ਦਾ ਟੀਚਾ ਰੱਖਦੇ ਹਨ।

____ **ਟ੍ਰਾਂਜਿਸ਼ਨਲ ਬਾਇਲਿੰਗੁਅਲ ਐਜੂਕੇਸ਼ਨ (ਜਲਦੀ ਬਾਹਰ):** ਟਰਾਂਜਿਸ਼ਨਲ ਬਾਈਲਿੰਗੁਅਲ ਐਜੂਕੇਸ਼ਨ (TBE) – ਜਿਸਨੂੰ ਅਰਲੀ-ਐਗਜ਼ਿਟ ਬਾਈਲਿੰਗੁਅਲ ਐਜੂਕੇਸ਼ਨ (ਰੇਮੀਰੇਜ਼, 1992) ਵਜੋਂ ਵੀ ਜਾਣਿਆ ਜਾਂਦਾ ਹੈ, ਵਿਦਿਆਰਥੀ ਦੀ ਮੁੱਢਲੀ ਭਾਸ਼ਾ ਵਿੱਚ ਅਕਾਦਮਿਕ ਪੜ੍ਹਾਈ ਪ੍ਰਦਾਨ ਕਰਾਉਂਦੀ ਹੈ ਜਦ ਉਹ ਅੰਗਰੇਜ਼ੀ ਸਿੱਖਦੇ ਹਨ।

____ ਸ਼ਰਣਾਗਤ ਪੜ੍ਹਾਈ ਜਾਂ ਸਮੱਗਰੀ-ਆਧਾਰਿਤ ਪੜ੍ਹਾਈ): ਸ਼ਰਣਾਗਤ ਪੜ੍ਹਾਈ ਅਤੇ ਸਮੱਗਰੀ-ਆਧਾਰਿਤ ਪੜ੍ਹਾਈ, ਅੰਗਰੇਜ਼ੀ ਭਾਸ਼ਾ ਦੇ ਸਿਖਿਆਰਥੀਆਂ (ELL) ਨੂੰ ਪੜ੍ਹਾਉਣ ਵਾਸਤੇ ਵਿਸ਼ੇਸ਼ ਰਣਨੀਤੀਆਂ ਦੀ ਵਰਤੋਂ ਕਰਕੇ ਪਹੁੰਚ ਕਰਦੀ ਹੈ ਤਾਂ ਜੋ ਵਿਦਿਆਰਥੀ ਦੇ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਨੂੰ ਬੜ੍ਹਾਵਾ ਦਿੰਦੇ ਹੋਵੇ, ਅਕਾਦਮਿਕ ਵਿਸ਼ਿਆਂ ਨੂੰ ਵਧੇਰੇ ਵਿਸਤਰਿਤ ਅਤੇ ਪਹੁੰਚਣਯੋਗ ਬਣਾਇਆ ਜਾ ਸਕੇ। ਵਾਸ਼ਿੰਗਟਨ ਸੂਬੇ ਵਿੱਚ, ਉਹ ਵਿਦਿਆਰਥੀ ਜੋ ESL ਵਿੱਚ ਪੁੱਲ-ਆਊਟ ਜਾਂ ਪੁਸ਼-ਇਨ ਪ੍ਰਾਪਤ ਕਰਦੇ ਹਨ, ਉਹਨਾਂ ਨੂੰ ਇਸ ਗਰੁੱਪ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

____ **ਨਵੇਂ ਆਇਆਂ ਲਈ ਪ੍ਰੋਗਰਾਮ:** ਨਵੇਂ ਆਇਆਂ ਲਈ ਪ੍ਰੋਗਰਾਮ ਵਿਦਿਆਰਥੀਆਂ ਦੇ ਸ਼ੁਰੂਆਤੀ ਮੁੱਖ ਅਕਾਦਮਿਕ ਹੁਨਰਾਂ ਅਤੇ ਗਿਆਨ ਦੇ ਨਾਲ-ਨਾਲ ਇੰਗਲਿਸ਼ ਭਾਸ਼ਾ ਦੇ ਹੁਨਰ ਪ੍ਰਾਪਤ ਕਰਨ, ਅਤੇ ਅਮਰੀਕਾ ਦੇ ਸਕੂਲ ਸਿਸਟਮ ਵਿੱਚ ਵਿਵਸਥਿਤ ਹੋਣ ਵਿੱਚ ਮਦਦ ਕਰਦਾ ਹੈ।

ਤਹਿ ਦਿਲੋਂ,

*INSERT NAME*